Calgary

# ਕੈਲਗਰੀ ਵਾਸੀਆਂ ਲਈ ਸਭ ਤੋਂ ਵੱਧ ਕੀ ਮਾਇਨੇ ਰੱਖਦਾ ਹੈ

ਕੈਲਗਰੀ ਕੈਨੇਡਾ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਵੱਡਾ ਸ਼ਹਿਰ ਅਤੇ ਦੁਨੀਆ ਦੇ ਸਭ ਤੋਂ ਵੱਧ ਰਹਿਣ ਯੋਗ ਸ਼ਹਿਰਾਂ ਵਿੱਚੋਂ ਇੱਕ ਹੈ।* ਅਸੀਂ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਚੀਜ਼ਾਂ ਵਿੱਚ ਨਿਵੇਸ਼ ਕਰਦੇ ਹੋਏ, ਤੁਹਾਡੇ ਦੁਆਰਾ ਰੋਜ਼ਾਨਾ ਨਿਰਭਰ ਕੀਤੇ ਜਾਣ ਵਾਲੀਆਂ ਸਿਟੀ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਿਤ ਹਾਂ, ਜਿੰਨ੍ਹਾਂ ਵਿੱਚ ਸ਼ਾਮਲ ਹਨ:

## ਬੁਨਿਆਦੀ ਢਾਂਚਾ

ਸਾਡੀਆਂ ਪਾਣੀ ਅਤੇ ਕਮਪੋਸਟਿੰਗ ਪ੍ਰਣਾਲੀਆਂ ਵਿੱਚ ਨਿਵੇਸ਼ ਕਰਨਾ, ਅਤੇ ਸੁਰੱਖਿਅਤ ਅਤੇ ਭਰੋਸੇਮੰਦ ਯਾਤਰਾ ਨੂੰ ਯਕੀਨੀ ਬਣਾਉਣ ਲਈ ਤੇਜ਼ ਰਫ਼ਤਾਰ ਵਾਲੀਆਂ ਸੜਕਾਂ 'ਤੇ ਪੇਵਮੈਂਟ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ।

## ਟ੍ਰਾਂਜ਼ਿਟ

ਟ੍ਰਾਂਜ਼ਿਟ ਨੈੱਟਵਰਕ ਦਾ ਵਿਸਥਾਰ ਕਰਨਾ, ਜਿਸ ਵਿੱਚ ਬਲੂ ਲਾਈਨ ਐਕਸਟੈਂਸ਼ਨ ਨੂੰ ਅੱਗੇ ਵਧਾਉਣਾ ਸ਼ਾਮਲ ਹੈ। ਟ੍ਰਾਂਜ਼ਿਟ ਨੂੰ ਕਿਫਾਇਤੀ ਰੱਖਣਾ ਅਤੇ ਘੱਟ ਆਮਦਨ ਵਾਲੇ ਟ੍ਰਾਂਜ਼ਿਟ ਪਾਸ ਪ੍ਰੋਗਰਾਮ ਨੂੰ ਫੰਡ ਦੇਣਾ।

## ਰਿਹਾਇਸ਼

ਕੈਲਗਰੀ ਦੀ ਰਿਹਾਇਸ਼ੀ ਸਪਲਾਈ ਨੂੰ ਵਧਾਉਂਦੇ ਹੋਏ, ਕਿਫਾਇਤੀ ਅਤੇ ਭਾਈਚਾਰਕ ਪੁਨਰ ਵਿਕਾਸ ਦਾ ਸਮਰਥਨ ਕਰਨ ਲਈ 18,000 ਹੋਰ ਘਰਾਂ ਨੂੰ ਸਮਰੱਥ ਬਣਾਉਣਾ।

## ਜਨਤਕ ਸੁਰੱਖਿਆ

ਡਾਊਨਟਾਊਨ ਵਿੱਚ ਅਤੇ ਟ੍ਰਾਂਜ਼ਿਟ 'ਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣਾ। ਬੇਘਰੀ, ਮਾਨਸਿਕ ਸਿਹਤ ਅਤੇ ਨਸ਼ੇ ਸੰਬੰਧੀ ਮੁੱਦਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਭਾਈਵਾਲਾਂ ਨਾਲ ਕੰਮ ਕਰਨਾ।

*ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਧ ਰਹਿਣ ਯੋਗ ਸ਼ਹਿਰ, ਅਤੇ 2024 ਵਿੱਚ ਦੁਨੀਆ ਦਾ ਪੰਜਵਾਂ ਸਭ ਤੋਂ ਵੱਧ ਰਹਿਣ ਯੋਗ ਸ਼ਹਿਰ।
ਇਕਨੌਮਿਕ ਇੰਟੈਲੀਜੈਂਸ ਯੂਨਿਟ

ਇਹਨਾਂ ਅਤੇ ਹੋਰ ਨਿਵੇਸ਼ਾਂ ਬਾਰੇ **calgary.ca/ourfinances** 'ਤੇ ਹੋਰ ਜਾਣੋ

ਮਹੱਤਵਪੂਰਨ ਜਾਣਕਾਰੀ ਇੰਨ੍ਹਾਂ ਵਿੱਚ ਵੀ ਉਪਲਬਧ ਹੈ:

پښتو | 简体中文 | ਪੰਜਾਬੀ | Español | العربية

# ਤੁਹਾਡੇ ਰਿਹਾਇਸ਼ੀ ਟੈਕਸ ਦੇ ਡਾਲਰ ਕਿੱਥੇ ਜਾਂਦੇ ਹਨ*

Calgary

**63%** ਸਿਟੀ ਔਫ ਕੈਲਗਰੀ ਸੇਵਾਵਾਂ ਨੂੰ ਫੰਡ ਕਰਦੇ ਹਨ



**37%** ਅਲਬਰਟਾ ਸਰਕਾਰ ਨੂੰ ਜਾਂਦੇ ਹਨ

*ਲਗਭਗ

## 2025 ਵਿੱਚ ਇੱਕ ਆਮ ਸਿੰਗਲ-ਫੈਮਲੀ ਘਰ ਲਈ ਬਦਲਾਅ ($697,000 'ਤੇ ਮੁਲਾਂਕਣ ਕੀਤਾ ਗਿਆ):

### +$217 → ਸੂਬਾਈ ਬਜਟ

ਅਸੀਂ ਸੂਬੇ ਵੱਲੋਂ ਪ੍ਰਾਪਰਟੀ ਟੈਕਸ ਇਕੱਠਾ ਕਰਦੇ ਹਾਂ। ਰਿਹਾਇਸ਼ੀ ਗਾਹਕਾਂ ਲਈ ਪ੍ਰਾਪਰਟੀ ਟੈਕਸ **15.6%** ਵਧਿਆ। 2025 ਵਿੱਚ ਸੂਬੇ ਨੂੰ $1 ਬਿਲੀਅਨ ਤੋਂ ਵੱਧ ਦੀ ਰਾਸ਼ੀ ਦਿੱਤੀ ਜਾਵੇਗੀ।

### +$134 → ਸਿਟੀ ਦਾ ਬਜਟ ਅਤੇ ਪ੍ਰਾਪਰਟੀ ਦਾ ਮੁਲਾਂਕਣ

ਸਿਟੀ ਦੀਆਂ ਸੇਵਾਵਾਂ ਪ੍ਰਦਾਨ ਕਰਨ, ਕਾਰੋਬਾਰਾਂ ਨੂੰ ਸਮਰਥਨ ਦੇਣ, ਅਤੇ ਪ੍ਰਾਪਰਟੀ ਦੇ ਮੁੱਲਾਂ ਵਿੱਚ ਤਬਦੀਲੀਆਂ ਦੇ ਕਾਰਨ ਆਮ ਘਰਾਂ ਲਈ ਸਿਟੀ ਦਾ ਪ੍ਰਾਪਰਟੀ ਟੈਕਸ **5.3%** ਵਧਿਆ ਹੈ।

ਕੁੱਲ ਮਿਲਾ ਕੇ, ਸਿਟੀ 2025 ਵਿੱਚ ਸਾਰੀਆਂ ਪ੍ਰਾਪਰਟੀਆਂ ਤੋਂ $2.4 ਬਿਲੀਅਨ ਇਕੱਠੇ ਕਰੇਗੀ ਤਾਂ ਜੋ ਸਿਟੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

### $351 ਕੁੱਲ ਵਾਧਾ



## ਤੁਹਾਡੇ ਪ੍ਰਾਪਰਟੀ ਟੈਕਸ ਵਿੱਚ ਤਬਦੀਲੀ ਤੁਹਾਡੀ ਪ੍ਰਾਪਰਟੀ ਦੇ ਮੁੱਲ 'ਤੇ ਨਿਰਭਰ ਕਰਦੀ ਹੈ।

ਆਪਣੀ ਪ੍ਰਾਪਰਟੀ-ਵਿਸ਼ੇਸ਼ ਟੈਕਸ ਤਬਦੀਲੀ ਪ੍ਰਾਪਤ ਕਰਨ ਲਈ **calgary.ca/taxcalculator** 'ਤੇ ਜਾਓ ਅਤੇ ਆਪਣੀ ਪ੍ਰਾਪਰਟੀ ਦਾ ਮੁਲਾਂਕਣ ਮੁੱਲ (ਤੁਹਾਡੇ ਟੈਕਸ ਬਿੱਲ ਦੇ ਉੱਪਰਲੇ ਹਿੱਸੇ 'ਤੇ ਪਾਇਆ ਜਾਂਦਾ ਹੈ) ਦਰਜ ਕਰੋ।

25-0045521 CRV-36093